# उड़ीसा अते पुरी तों मथुरा

## पुरी तों अग्गे लंका नूं जान दे बिजाए पंजाब नूं परते। (1511 ई मद्ध)�

बागो (म्यांमार) तों जहाज रांही चलके बाबा समुन्दरी तट्ट दे नाल नाल हुन्दा होया रखाईन देस, चिटांगाग ते फिर दर्या हुगली दे मुहाने थांनी कलकत्ता आए ते फिर चन्दरकोना तों कंटाई, भदरक, कट्टक, हुन्दे होए पुरी पहुंचे। ध्यान रहे अज्ज दे भुवनेशवर, बालासोर, जलेसवर जेहे शहर ओदों जां तां अजे जंमे नही सन जां अहमियत नही सन रखदे।

**भदरक** -ओड़ीसा दे अफसान्यां विच वी गुरू नानक दा नां चलदा आया है। अजेहे ही अफसाने उड़ीसा दे शहर भदरक विचले पिंड संगत साहब दे हन। वेखो नाल दित्ती तसवीर कि किवे 17 वी सदी दे इक उड़िया कवी ने गुरू साहब दा जिकर कीता फिर 1930 दे आस पास दे वी कवी ने गुरू साहब बारे लिख्या।

गुरू जी दी सोभा सुन महंत जल बल उट्ठ्या

सो मेदिनी पुर तों चल गुरू साहब दा टीचा कट्टक पहुंचना सी जो कि उड़ीसा (जां उडीसा) राज दी राजधानी सी। उडीसा विच्च उस वेले गजपती राजा प्रताप रुदर देव दा राज सी। ध्यान रहे गुरू साहब दे शरधालू अलाउदीन हुसैन शाह दे जरनैल इसमाईल गाज़ी ने 1509 ई विच ओड़ीसा ते हमला कीता सी ते कुझ मन्दर वी ढाहे सी।साल पहलां ही उड़ीसा विच्च बड़ा भ्यानक काल वी प्या सी।

कटक- महंत गुरू साहब नूं कुट्टन चला आया- इस तों



**गुरदुआरा श्री गुरू नानक संगत साहब, पिंड संगत**
(नकशा सूचक 21.045891, 86.519061) जिला भदरक दी इमारत ते वेखो पंजाबी अंगरेजी हिन्दी अते उड़िया विच तखतियां लग्गियां जिन्नां ते हेठ लिखी अबारत लिखी है:

"सिख धरम के बानी तथा पहले गुरू स्री गुरू नानक देव जी पहली उदासी दे समें .. भदरक दे पिंड संगत विच इस जग्हा ते रुके सन अते कुझ दिन साध संगत कीती सी। 18वी सदी दे भदरक दे इक कवी श्री बंशी बल्लभ गोसवामी ने अपनी कविता विच श्री गुरू नानक देव जी दा जिकर कीता है। 1930 दे इक उड़िया लेखक शी राजा बल्लभ महांती ने अपनी ओड़िया कविता भद्रकाली जणान विच श्री गुरू नानक देव जी अते संगत पिंड दा जिकर कीता है। इह जगा ओड़िसा दे रिवैनियू डिपारटमैंट विच 'नानक डेहा' के नाम नाल रेजिशटरड है।श्री गुरू नानक जी ने निंम दे जिस पेड़ थल्ले बैठ कर संगत कीती सी उस दा इक हिस्सा तखत श्री हरमन्दर साहब, पटना साहब विखे सुरि्खअत रख्या होया है।"

ਪੈੜ ਮਗਾ

जो कहन्दे चार नही तिन्न उदासियां कीतियां सन- नूं जवाब:

### दो नही। तिन्न उदासियां च गाहआ सी हिन्दुसतान। चौथी उदासी मक्के दी।

हालां पुरातन जनम साखी ने साफ साफ 4 उदासियां दी गल कीती है पर कुझ अजोके सिक्ख इतहासकारां ने केहा कि गुरू नानक दियां चार नही तिन्न उदासियां सन। इन्हां दा कहना है कि गुरू साहब सुलतानपुर तों रवाना हो कुरखेतर, दिल्ली, हरदुआर, यू.पी, बेहार, बंगाल अते असाम अते वापसी ते उड़ीसा, आंधरा, तमिलनाडू, लंका, करनाटक, केरल, महाराशटर, छतीशगड़, मद्ध प्रदेस, गुजरात, राजसथान अते वापसी पंजाब आए। साडा कहना है कि गुरू साहब पहली उदासी वेले उड़ीसा तों वापस पंजाब आ गए सन अते दुबारा रवाना हो के समुन्दर तट्ट दे नाल नाल पैंदे इलाके देख के संगलादीप (स्री लंका) पहुंचे सन।

उथो वापसी ते दक्खनी भारत गाहआ ते मद्ध प्रदेस, राजसथान दे रहन्दे इलाके गाहे। साडे हिसाब इनां लिखारियां होर वी वड्डी गलती इह कीती कि तीजी उदासी वेले नेपाल जाना दस्स्या है जदों कि गुरू साहब दे बेहार तों नेपाल जान दे साफ सबूत मिलदे हन। फिर कई लिखारियां ने गुरू साहब दा पूरब विच सिंघापुर अते पच्छम विच रोम तक जाना लिख दिता है। असी इस नूं कलपना तों सिवाए कुझ नही मन्नदे। साडा कहना है कि साहब पूरब विच म्यामार बरमा दे आवा ते बागो शहर तक गए अते पच्छम विच बगदाद तों परत आए। कई लिखारियां गुरू साहब दा मजार इ शरीफ, बुखारा, ताशकन्द, समरकन्द आदि जाना लिख दिता है जिस नाल असी सहमत नही।

जगननाथ पुरी तों पंजाब परत आए सन।

1. गुरू साहब दियां कुल चार उदासियां (यातरावां) होन बारे परम्परा (पिता-पुरखी रवायत) है। पुरातन जनम साखी ने वी साफ साफ चार दस्सियां हन। इस अनुसार दक्खन देस गुरू साहब ने दूसरी उदासी वेले देख्या।

2. पर अजोके दौर विच्च गुरू साहब दी उदासियां ते कंम करन वाले कई लिखारियां ने लिख्या है कि उदासियां तिन्न ही सन। ओनां दा कहना है कि पूरब ते दक्खन भारत दी उदासी इक्क ही सी।

उदासिया ते साडे हत्थ जो पुसतकां लग्गिया हन उह इह हन उ ग्यानी ग्यान सिंघ, (अ). डा. त्रिलोचन सिंघ, ई डा. सुरिन्दर सिंघ कोहली, स फौजा सिंघ ते किरपाल सिंघ

दक्खन पूरब दी इको उदासी कहन वाल्या दा खंडन

ओपरोकत विच्चों क्रमांक (अ) अते स दा मन्नना है कि पूरब ते दक्खन दी उदासी इक्क ही सी। उह लिखदे हन कि इहदे विच्च की तुक्क होयी कि पुरी तों गुरू साहब हज़ारां किलोमीटर दा सफर करके पहलां पंजाब आउन ते फिर लंका जाण?

(अ) दा मन्नना है कि बाला साखी पूरब ते दक्खन दी इक्क ही उदासी मन्नदी है।

साडा सोचना है (अ) दा अजेहा सोचना गलत है क्युकि बाला तां ट्रैक (मारग दी पैड़) दी रता प्रवाह नही करदा।

ਪੈੜ ਅਗਲੇ ਸਫੇ ਤੇ ਚਲਦਾ ➡

कुझ समां बाद ई दा मद्ध) गुरू साहब कटक पहुंचे ते राजे प्रताप रुद्र देव नूं आपना सिक्ख बना ल्या। पहलां राजा काली माता दा भगत सी ते वाम मारगियां दे असर हेठ सी। इलाके दे कुझ होर महत्तवपूरन लोक वी जदों सिक्ख सज्ज रहे सन तां जादू टूने च माहर महंत चेतन भारती नूं इस गल दा पता लग्गा तां उह गुरू साहब नाल ईरखा करन लग्गा। उस ने आपने जंतर मंतर रांही गुरू साहब ते हमला करनां चाहआ पर नाकाम रेहा।

फिर इक दिन खुद्द ही डंडा फड़ह के गुरू साहब नूं मारन दे इरादे नाल जदों गुरू साहब दे डेरे आया तां

---

पैड़ मद्धा

थाईं थाईं उस ने लिख्या है "इथों फिर गुरू साहब ने उडारी लई"। मिसाल दे तौर ते बाले ने तां झंडे बाडी वाली पूरब दी साखी नूं मक्के दी यातरा नाल ही विखा दित्ता है। साडा कहन तों भाव कि रूट ट्रैकिंग दे मसले ते आपां बाले ते निरभर नही कर सकदे।

बाकी पुरी तों तलवंडी दा सफर लग पग ओनां ही है, जिन्ना पुरी तों कोलम्बो (कोटे)। (हां पंजाबो लंका पहुंचन विच्च फिर 4000 किलोमीटर दा वक्खरा सफर सी। पर उह तां गुरू साहब ने हर हालत विच्च करना ही सी) नाले रवायत है ते जनम साखियां विच अते बार बार लिख्या मिलदा है कि गुरू साहब यातरा त्याग बेबे नानकी नूं मिलन आ जांदे सन। फिर इह सबूत वी मिलदा है कि बिसियर देस दी यातरा मौके मरदाना अक्क गया सी ते पंजाब जान दी बार बार ज़िद्द कर रेहा सी। इक्क दो वारी इकल्ला वी रवाना हो पया सी। जदों फिर कौडे राखश कोल फसदा है।

ओहनी दिनी फिर ओड़ीसा ते नाल लग्गदे इलाक्यां विच्च राजनीतक हालात वी खराब हो चुक्के सन। उड़ीसा ते हमला हो गया सी। लड़ाईआं दे दौरान राजे महाराजे चक्रवरती साधूआं नूं वी वरत जांदे सन। जसूसी दे शक्क च कई मारे वी जांदे सन। हो सकदा गुरू साहब दा दक्खन दिशा वल उदासी जारी नां रक्खन दा इह वी कारन होवे।

फिर स अते (अ) दा कहना है कि सोढी मेहरबान ते भायी मनी सिंघ ने वी मन्न्या है कि दक्खन ते पूरब दी यातरा इक्क ही सी भाव पहली उदासी विच्च ही उनां दी दक्खन दी सैर निपटाई।

उंज (अ) दूसरी थां आपे इह गल मन्नदा है सोढी मेहरबान भरोसेयोग नही अखे उह इस बाबत इक्क थां लिखदा है कि पूरब-दक्खन दी उदासी इक्क ही पर दूसरी थां लिखदा है कि गुरू साहब इक्क वेरां परत आए ते दक्खन दी उदासी लई दुबारा रवाना होए। (सो सानूं खंडन करन दी जरूरत ही नही रह जांदी)

जिथों तक्क भायी मनी सिंघ दा सबंध है उह वी यातरा दी तरतीब दी मरयादा नही पालदे। उह मरदाने नूं छत्ला बणाउन वाली साखी जगनाथ पुरी दी यातरा तों बाद दिन्दे हन। फिर पटने लागली 'लाल लभ्भन ते जोहरी कोल वेचन वाली साखी' उह बीकानेर विच्चलियां साखियां नाल दिन्दे ने।

फिर भायी गुरदास दियां हेठ दित्तियां सतरां तों तुसी साफ अन्दाज़ा नही ला सकदे कि दक्खन ते पूरब दी उदासी इक्क सी:-

बाबा आया तीरथीं तीरथ पुरब सभे फिर देखै॥
पूरब धरम बहु करम कर भाउ भगति बिन किते न लेखै॥
भाउ न ब्रहमे लिख्या चार बेद सिंम्रति पड़ह देखै॥
ढूंडी सगली पिरथमी सतिजुग आदि दुअािपर त्रेतै॥
कलिजुग धुंधूकार है भरम भुलायी बहु बिधि भेखै॥
भेखीं प्रभू न पाईऐ आप गवाए रूप न रेखै॥
गुरमुख वरन अवरन होइ निव चलै गुरसिख विसेखै॥
तां कुछ घाल पवै दर लेखै ॥

फिर देखो डा. त्रिलोचन सिंघ जी भायी गुरदास दियां उकत असपश्शट सतरां तों अन्दाज़ा लाउदे हन भारत विचली उदासी इक्क सी ते दूसरे पासे जदों पुरातन जनम साखी जदों साफ साफ दक्खन दी उदासी वक्खरी लिख रही है, "दुतिया उदासी कीती दक्खन की....." इहनां सतरां नूं नजरअन्दाज़ करके पुरातन नूं वी आपने पक्ख विच्च मन्न रहे हन।

डाकटर साहब इक्क दूरी नूं लै के बह नही सकदे कि गुरू साहब दूना सफर क्यो करनगे? इस सच्च नूं नजरअन्दाज़ करदे हन कि जेहड़े असथान गुरू साहब ने पुरी तों सुलतानपुर नूं परतद्यां गाहे उह तां हर हालत विच उहनां ने वेखने ही सन। सवाल इह है कि की गुरू साहब नूं कुझ सथानां ते दो वारी जाना पया? पर अजेहा नही कीता गुरू साहब ने।

हुन सवाल उठदा है कि जदों दोहर पाउन दियां साडे कोल मिसालां है ही नही तां फिर असी रवायत नूं क्यो रद्द कर रहे हां? इतहास दी सायंस दा असूल है कि "प्रम्परा नूं हमेशां सच्च मन्नो जिन्ना चिर तक उहनूं झूठ नां साबत कर सको?"

जनम साखियां वाल्यां साखियां सांभ के महान सेवा कीती है पर साफ लग्गदा है लिखन वेले उहनां कोल भूगोलिक ग्यान ते नकश्यां दी अणहोंद सी। सानूं कोयी हैरानी नही हुन्दी जदों असी देखदे हां कि सोढी मेहरबान नूं इह नही पता हुन्दा कि जगन नाथ पुरी अयुध्या दे मुकाबले बनारस तों नेड़े है। इस युग विच्च असी ज्यादा खुशकिसमत हां क्युकि साडे इक्क पोटे (कलिक) ते दुनियां दा कोयी वी नकशा साडे साहमने हुन्दा है।

अज्ज साडे कोल सभ तों वड्डा सबूत है मैपिंग (नकशा निगाह)। हालां साडे तों पहलां इह कंम असंभव तां नही सी पर उस विच अथाह मेहनत सी। खुशकिसमती नाल कम्प्यूटर ने मैपिंग नूं बहुत असान बना दित्ता है। खास करके गूगल मैप ने तां इह कंम आटोमैटिक ही कर दित्ता है। मैपिंग तों गुरू साहब दियां यातरावां दे साफ साफ 4 ट्रैक जां पैटरन उभरदे हन।

जनमसाखियां ते इतहासकारां ने जिथे जिथे गुरू साहब दा जाना लिख्या है असां उह सथान नकशे ते भरे। फिर द्रिश (व्यू) नूं घट्ट वध करके जदों वेख्या तां बड़े ही सपश्शट तौर (जी हां साफ साफ) गुरू साहब दी भारत यातरा दे 4 ट्रैक बणदे नजर आउदे हन। चौथा ट्रैक समुन्दर तट्ट दे नाल नाल बहुत ही साफ ते वक्खरा है।

(वेखो गुरू नानक ट्रैवल गूगल मैप लिंक सफा 5 ते)

सो जेहड़े विदवान पूरब ते दक्खन दी उदासी नूं इक्क मन्नदे हन, गूगल मैपिंग रांही उह गलत साबत हो जांदे हन।

अरब सागर तट्ट दे नाल नाल उदासी वापसी वेले नही सगों लंका जान वेले दी है।

बाकी जिवे कि उते दस्स्या है क्रमांक उ ते ई तां मन्नदे ही हन कि इह दो उदासियां सन। पर इह दूसरी उदासी च बाबे दी सुलतानपुरो रवानगी फिर मालवा (बठिंडा) सिरसा, बीकानेर,मारवाड़, जैसलमेर, उदेपुर, चितौड़, सरोही, उजैन, उकारेशवर, बुरहानपुर, नन्देड़, बिदर, गोलकुंडा, करनूल, अनंतपुर, तिरूपती, पांडीचरी अते लंका (टरैक उ पहुंचणा।

अते वापसी- नागापट्टीनम, थुथूकुडी (टुटीकरन) कोज़ीकोड (कालीकट) पद्मनाभापुरम, कोचीन, बंगलौर, गोदावरी, श्रिंगेरी, गोआ, बम्बे, भड़ौच, बड़ोदा, अहमदाबाद, जूनागड़ह, सोमनाथ, दवारका, कच्छ, मुलतान, तुलंभा (सज्जन ठग्ग), मुलतान (टरैक अ)

साडा ग्यानी जी ते डा. कोहली नाल किथे मतभेद है?

जिवे ग्यानी जी ने लिख्या है कि गुरू साहब जगन नाथ पुरी तों सिधे ही पंजाब नूं हो तुरे सन इस मसले ते असी ग्यानी जी दे अनुआई हां।

अग्गे ग्यानी जी ने लिख्या है कि गुरू साहब खुशक भाव (टरैक उ रसते लंका नूं गए ते वापसी (टरैक अ) रांही।

असी इस तों ऐन उलट सोचदे हां। असी कहन्ने आ कि गुरू साहब तलवंडी तों पहलां सिद्धे लंका गए उह वी समुन्दरी रसते ते वापसी खुशक रसते (टरैक उ रांही।

दर असल साडे अधिऐन नूं उंज तां अधार ते उतशाह इनां इतहासकारां दी लिखतां तों ही मिलदा है पर हेठ लिखे कारनां करके असी इनां विदवानां नाल सहमत नही हो पाए:

हालां साडे इस अधिऐन दौरान मुशकलां आईआं क्युकि डा. कोहली दे दस्से यातरा दे असथानां दा दोवां ट्रैकां विच्च रल गड्ड हुन्दा नजर आया। फिर गहुं नाल वाचन ते पता लग्गा कि सतिकारत विदवान कोहली ने रूट ट्रैकिंग लापरवायी नाल कीती है। उहदे कुझ इह उदाहरन इह हन:-

उ. गुरू साहब दा मुम्बयी जाना कोहली दो वार दिखाउदा है। जान वेले ते वापसी वेले वी। इहो हाल पूने दा है।

अ. मैंगलूरू (मैंगलौर- करनाटक) नूं उह जान वेले ट्रैक (टरैक उ विच्च विखाउदा है। फिर बिनां किसे ठोस अधार ते गुरू साहब दा रामागिरी (आंधर प्रदेश) स्रीरंगपटनम (टिपू सुलतान दे शहर) विखे जाणा।

स. डा. कोहली हुरां दा (टरैक अ) विच्च मुलतान, शेखूपुरा, कमालिया आदि दा शामल करनां भुगोलिक तौर ते वैसे ही गलत है।

ਪੈੜ ਅਗਲੇ ਸਫੇ ਤੇ ਚਲਦਾ ➡

अग्गों गुरू साहब ते मरदाना कीरतन कर रहे सन। चेतन भारती दा हत्थ गुरू साहब नूं डंडा मारन तों जवाब दे गया। हत्थ उठे ही ना। अग्गो गुरू साहब ने प्रेम अते सनेह ते अजेहे लफ़ज़ बोले के महंत दी सारी नफरत ते ईरखा हरन हो गई। बुड़बड़ाउदा होया गुरू साहब दे चरनां ते ढह प्या। हौली हौली गुरू साहब दा शरधावान सेवक ही बण ग्या।


गुरदुआरा दातन साहब जा गुरदुआरा कालियाबोधा, कट्टक

कट्टक विखे जित्थे गुरू साहब ने दातन करके बाकी दी टहनी जमीन विच्च गड्डी सी उह वकत पा के विशाल रुक्ख दा रूप धारन कर गई। इह रुक्ख कोयी 400 कु साल जीव्या ते बाद विच्च डिग प्या। शरधालूआं ने उहदा तना सांभ्या होया है ते उस रुक्ख दे बिय तों इक्क होर रुक्ख अज्ज गुरदुआरा साहब दे अहाते अन्दर खड़ा है।

उस असथान ते अज्ज गुरदुआरा दातन साहब जा गुरदुआरा कालियाबोधा शश्शोभित है।

कट्टक तों गुरू साहब जगन नाथ पुरी गए।

-----◆-----

ਪੈਰ ਨੋਟ

कोहली दे कंम नूं होर गहुं नाल वाचन ते पता लग्गा कि उहनां ने इह कंम काहल नाल कीता है ते शुरू विच्च ही इह ब्यान दित्ता है कि उह इस सबंध विच्च किसे खोज दा दावा नही करदे ते सिरफ उनां जनम साखियां दे दस्से सथानां नूं जोड़न ते पछानन दी कोशिश कीती है। नेड़्यो हो के वेखन ते पता लग्गदा है कि उनां ट्रैकिंग दे मामले विच्च हूब हू ग्यानी जी दी लिखत ही वरती है।

(कुझ वी होवे जो इनां विदवानां ने कंम कीता है हालां उस ते सीस झुकदा है।)

होर देखो:

1. जगन नाथ पुरी विखे भायी मरदाने दी वापस परतन दी जिद्द अते मरदाने नूं मनसुक्ख बाणीए वाली गल याद कराउनी ते लंका जान नूं निशाना बणाउना ते अहमियत देणा।

2. (टरैक उ (टरैक अ) दे मुकाबले घट्ट समां लैन वाला हुन्दा है।

3. दूर दक्खन तों संगतां सिक्खी दे धुरे (गोइन्दवाल, खडूर, अंमृतसर, करतारपुर (दुआबा) घट्ट आउदियां होणगियां। पर नेड़े दे इलाक्यां कुरूखेतर, दिल्ली, मथुरा, ऊजैन, इन्दोर, गुजरात, सिंध, बीकानेर तों तां गाहे बिगाहे वणजारे खतरी ते अरोड़े सिक्ख आउदे जांदे रहन्दे सन। इहो कारन है सोढी मेहरबान ने साफ सपश्शट तौर ते सेतबंध रामेशवर तों गुरू साहब दा परतना खुशक रसते लिख्या है। तरतीब बणायी है दूर दक्खन, केरल, महाराशटर, मद्ध प्रदेस (मालवा), राजसथान, गुजरात/सौराशटर, राजसथान, मथुरा, कुरूखेतर ते सुलतानपुर। साडा कहन तों मतलब है ओनी दिनी मथुरा जां उजैन दे सिक्खां नूं पता सी कि गुरू साहब केहड़े पास्यो उनां दे शहर पहुंचे सन। सो सोढी मेहरबान ने ओहो तरतीब लिखी है जो पिता पुरखी दस्सी गई। इहो ट्रैक ही साडी सभ तों वड्डी ढोह है। हां सोढी ने बरीकियां नही लिखियां।

4. तिन्न उदासियां दस्सन वाले विदवान खुद्द ही फस जांदे हन जदों उह गुरू साहब दे राजसथान दौरे बारे लिख रहे हुन्दे हन। इह की तुक्क बनी कि गुरू साहब राजथान नूं दक्खन पास्यो शुरू हुन्दे हन। सिरसा (हर्याणा) राजसथान दा उतरी सिरा जिस विच्च साअवा (चुरू) भटनेर, मथरा (यू पी) दी सैर करवा के फिर वापस कल्यात, बीकानेर जाना लिखदे हन। भाव वापस खतरनाक इलाके वल क्युकि जे इह नां दस्सन तां सिंध ते पच्छमी पंजाब दे इलाक्यां विच्च जाना साबत नही हुन्दा। किन्नी हासोहीनी गल है नां कि गुरू साहब सिरसे तों पच्छमी पंजाब जान दे बिजाए औखा राह बीकानेर वाला चुणदे दस्स्या गया है।*****

6.जनम साखियां विच्च गुरू साहब दा तुलंभे (सज्जन ठग्ग) पाकपटन ते उच्च आदि ते सिंध दे सक्खर कंधकोट आदि जाना तलवंडी तों दस्स्या है नां कि दक्खन वलो वापसी ते। निरा जनम साखियां ने ही नही बाद दे अनेकां लिखारियां ने वी तलवंडी वलों ही इनां थावां नूं जाना लिख्या है। सिरफ ग्यानी ग्यान सिंघ ने इह प्रथा पता नही किस अधार ते बदली है।

7. लक्खपत्त (गुजरात) विच्च इह रवायत है कि सिंधी प्रवार ने गुरू साहब दे बेड़े दा करायआ भर्या सी। कई लोकां दा मन्नना है कि लखपत तों गुरू साहब मक्के वल नूं जा रहे सन। इह वी गलत है क्युकि लहौर (पंजाब) तों हज्ज ते जान वाले लोक कराची तों जहाज फड़दे सन। वेखो मुहंमद बिन कासम जदों सिंध आया उह वी देबाल (कराची) ही उतर्या। 1511 ई इक्क अरब जहाजरान सुलेमान माहरी ने वी कराची बन्दरगाह दा जिकर कीता है।

8. फिर बड़ोछ (गुजरात) विच्च वी रवायत मौजूद है कि गुरू साहब नूं राजे ने बेड़ा देन तों नांह कीती तां गुरू साहब ते मरदाना चादर दी बेड़ी ते सवार हो गए। ओथे चादर साहब गुरदुआरा मौजूद है। कुदरती है कि गुरू साहब उत्तर दी यातरा लई बेड़ा नही सी चाहुन्दे। क्युकि गुजरात दे लग्ग पग हर महत्तवपूरन तट्टी सथान ते उह प्रचार कर रहे सन। 9. सरसरी तौर ते वेख्यां दक्खनी पंजाब (पाकिसतान) विच्च गुरू साहब दियां यातरावां दियां दो वक्ख वक्ख पटड़ियां (टरैकज़) नजर आउदे हन।हालां इह जरूरी नही भासदा कि गुरू साहब ने लंका ते मक्का दियां यातरावां मौके इनां खास पटड़ियां ते ही सीमित रहे। (वेखो नकशा)

(उ) सो लंका नूं चलदे वकत गुरू साहब तलवंडी तों चल के हफत मदार, घुंमणके, छांगा मांगा, चूंहणियां, हुजरा शाह मुकीम, दीपालपुर, पाकपटन, बूरेवाला, वेहाड़ी, तुलंभा, उच्च, मिट्ठणकोट, कंधकोट, सक्खर, शिकारपुर, बकराणी, मीरपुर-खास, लक्खपत, अंज़ार, दवारका, पोरबन्दर, जूनागड़्ह, सोमनाथ, बड़ोच, रतनागिरी, गोआ, कन्ननूर, कोज़ीकोड (कालीकट) कोची, पालमकोटा, पद्मनाभापुर, कन्न्याकुमारी रांही लंका पहुंचे। (वेखो दित्ता नकशा)

(अ) ननकाना साहब अलप्पा कलां, सत्तघरा, हड़प्पा, तुलंभा, मुलतान, फरीदवाला आदि

10. असां नानक झीरा बिदर दे दरशन सन्न 1972 विच्च कीते। (जिन्ना कु याद है) ओदों ग्रंथी ने इहो दस्स्या कि गुरू साहब लंका दी यातरा करके इथे पहुंचे सन। हो वेखो तारा सिंघ नरोतम ने वी गुरू साहब दा तिल्लगंजी तों चलके बिदर पहुंचना लिख्या है। उह तिलगंजी नूं रमेशवर दे कोल ही गिणदे हन।

कयी लिखारियां लिख्या है कि गुरू साहब ने ज्यादा यातरावां पैदल कीतियां। अजेहा सोचना वी नहायत गलत है सारियां जनम साखियां विच्च गुरू साहब दियां समुन्दर ते दर्यायी जहाजरानी रांही यातरा दा थां थां जिकर है। कुझ इक्क ने तां गुरू साहब नूं मच्छ दी सवारी करदे दिखायआ है।

तुलंभे जाणा- गुरू साहब उदासियां ते रवाना होन तों पहलां इक वेरां पाकपट्टन अते मुलतान हो आए सन। साडे हिसाब सज्जन ठग्ग वाली घट्टना इस यातरा मौके वापरदी है।

-----◆-----

## जगननाथ पुरी पहुंच्या निरंकारी नानक

पत्थर दी आरती क्यो? आरती होवे ब्रेहमंड दे मालक दी

(जून/जुलायी 1511)

जगन नाथ पुरी हिन्दूआं दा बहुत ही विशाल ते प्रसिध मन्दर है जित्थे हर साल रत्थ यातरा निकलदी है। मूल विच्च इथे बुद्ध मत्त दा बोल बाला सी ते उह लोक भगवान बुद्ध दे दन्द दी विशाल यातरा कढ्ढ्या करदे सन। बुद्ध मत्त दे पतन तों बाद पंड्यां ने वीं 11 सदी ईसवी विच्च उस प्रम्परा नूं दूसरा रूप दे दित्ता।� इथे भगवान कृष्ण नूं स्रिसटी दे मालक भाव जगन नाथ दे रूप विच्च पूज्या जांदा है। इह कहानी घड़ी होयी है कि भगवान दी मूरती खुद्द ब्रहमा ने तराशी सी। सो जित्थे इह गल होए कि मूरती खुद्द भगवान ने बणायी है तां शरधा तां अथाह होवेगी ही।

फिर हर साल जून जुलायी दे महीने भगवान दी मूरती नूं उहदी मासी दे घर 10 दिन वासते भेज्या जांदा है अखे जित्थे उह मठ्याईआं दा भोग करदे हन। भगवान दी इह यातरा बड़ी शानो शौकत वाली हुन्दी है। मूरती नूं 50 फुट्ट उच्चे रत्थ विच्च बैठायआ जांदा है। शरधालू रस्स्यां नाल उह रत्थ खिचदे हन। अग्गे अग्गे इलाके दा राजा झाड़ू लाउदा है। रसम नूं इना रोचक बना दित्ता गया है कि लक्खां लोक रथ यातरा विच्च शामल हुन्दे हन।

आम दिनां विच्च वी इथों दे मन्दर दी शामी होन वाली आरती बहुत शानो शौकत वाली हुन्दी है। चार चुफेरे रंग रंग दियां सुगंधियां दी खुसबू, ते रंग रंग दे दीव्यां रांही रोशनी खिलारी जांदी है। फिर थाल विच्च सुगंधियां ते चार दीवे मूरती दे साहमने घुंमाए जांदे हन: चार वारी पैरां ते, दो वारी धुन्नी दे साहमणे, इक्क वारी मूंह दे साहमणे, ते फिर सत्त गेड़े सारे सरीर दे दुआले दुआए जांदे हन।

रथ यातरा मौके साहब 'सिंघ पौर' नामी सथान ते डेरा कीता होया सी। गुरू साहब दी रूहानी ताकत दा लोकां नूं पता लग्ग चुक्का सी। चार चुफेरे बाबा नानक दी जै जै कार हो रही सी। एसे तरां इक्क शामी आरती वेले बा रसूख लोकां दा हजूम गुरू साहब नूं मन्दर दे अन्दर लै गया कि तुसी वी आरती विच्च शामल होवो। अजे आरती शुरू नही सी होई। पंडतां नाल सर-सरी गल बात हो रही सी कि घंटियां वज्जणियां शुरू हो गईआं। आरती शुरू हो गई। सभ खलो गए। गुरू साहब जित्थे बैठे सी बैठे ही रहे।

आरती तों बाद पंड्यां ने गुरू साहब अग्गे विरोध जितायआ कि तुसी संत महातमा हो के आरती दी रसम दी बेअदबी कीती है। गुरू साहब ने मौजूद सभ लोकां नूं समझायआ कि "मैं उस भगवान नूं मन्नदा है जो सारे ब्रेहमंड विच्च मौजूद है ते घट्ट घट्ट दी जानणहार है।"

"मैं जदों उस भगवान दी आरती करदा हां तां वेखदा हां कि इक्क विशाल ब्रेहमंड रूपी थाल विच्च सूरज, चन्द, धरतियां, तारे रूपी दीवे जग रहे ने। ओस भगवान दी चौर खुद्द वगदी हवा कर रही हुन्दी है, सारी स्रिसटी दे फुल्लां ते बनासपती ने खुशबू खिलारी हुन्दी है।"

धनासरी महला 1 आरती ੴ सतिगुर प्रसादि ॥ गगन मै थालु रवि चन्दु दीपक बने तारिका मंडल



800 साल पुराना जगन नाथ पुरी मन्दिर जिस दी सलाना रथ यातरा हिन्दुसतान विच प्रसिद्ध है।

जनक मोती ॥ धूपु मलआनलो पवनु चवरो करे सगल बनराय फूलंत जोती ॥1॥ कैसी आरती होइ भव खंडना तेरी आरती ॥ अनहता सबद वाजंत भेरी ॥1॥ रहाउ ॥ सहस तव नैन नन नैन है तोह कउ सहस मूरति नना एक तोही ॥ सहस पद बिमल नन एक पद गंध बिनु सहस तव गंध इव चलत मोही ॥2॥ सभ मह जोति जोति है सोइ ॥ तिस कै चाननि सभ मह चाननु होइ ॥ गुर साखी जोति परगटु होइ ॥ जो तिसु भावै सु आरती होइ ॥3॥ हरि चरन कमल मकरन्द लोभित मनो अनदिनो मोह आही प्यासा ॥ क्रिपा जलु देह नानक सारिंग कउ होइ जा ते तेरै नामि वासा ॥4॥1॥7॥9॥

ब्रेहमंड दे मालक दी आरती करन वाला इह शखस किवे किसे पत्थर दी मूरती दी आरती कर सकदा है। गुरू साहब दा कहन दा लहजा कुझ अजेहा सी कि पंड्यां दे होश उड गए। ओथे सभ नूं महसूस हो गया




गुरदुआरा आरती साहब, पुरी, उड़ीसा

कि इह जो कुझ मन्दर विच हो रेहा है निरा पाखंड ते रसम है। मुलक दा राजा प्रताप रुद्र देव वी मौके ते हाजर सी। उह वी गुरू साहब दे चरनी लग्गा। (सिक्ख प्रम्परा विच्च राजे दा नां मंगल दत्त आया है)


धन्न सन गुरू साहब, अगले दे घर जा के भरी सभा विच्च अगले नूं अहसास कराउना कि उह जो कर रहे हन गलत है।

उहनां गरमियां दे दिनां विच फिर सथानक राजे ने समुन्दर दे कंढे (बीच) ते शामी वड्डा कीरतन इकट्ठ रक्ख ल्या। जिस विच सिद्ध, जोगी, मंडलियां अते बंगाली संत चैतन्न्या महा प्रभू दी कीरतन मंडली वी शामल होई। इक जत्थे तों बाद दूजे ने मनोहर कीरतन कीते ते आपने आपने भगवानां दी उसतत गाई।

गुरू साहब अते मरदाने दी जदों वारी आई तां साहब ने मारू राग छेड़ दित्ता:

मारू महला 1 ॥ सचु कहहु सचै घरि रहना ॥ जीवत मरहु भवजलु जगु तरना ॥ गुरु बोहथु गुरु बेड़ी तुलहा मन हरि जपि पारि लंघायआ ॥1॥ हउमै ममता लोभ बिनासनु ॥ नउ दर मुकते दसवै आसनु ॥ ऊपरि परै परै अपरम्परु जिनि आपे आपु उपायआ ॥2॥ गुरमति लेवहु हरि लिव तरीऐ ॥ अकलु गाय जम ते क्या ड्रीऐ ॥ जत जत देखउ तत तत तुम ही अवरु न दुतिया गायआ ॥3॥ सचु हरि नामु सचु है सरना ॥ सचु गुर सबदु जितै लगि तरना ॥ अकथु कथै देखै अपरम्परु फुनि गरभि न जोनी जायआ ॥4॥ सच बिनु सतु संतोखु न पावै ॥ बिनु गुर मुकति न आवै जावै ॥ मूल मंत्रु हरि नामु रसायनु कहु नानक पूरा पायआ ॥5॥ सच बिनु भवजलु जाय न तर्या ॥ एहु समुन्दु अथाहु महा बिखु भर्या ॥ रहै अतीतु गुरमति ले ऊपरि हरि निरभउ कै घरि पायआ ॥6॥ झूठी जग हित की चतुरायी ॥ बिलम न लागै आवै जायी ॥ नामु विसारि चलह अभिमानी उपजै बिनसि खपायआ ॥7॥ उपजह बिनसह बंधन बंधे ॥ हउमै मायआ के गलि फंधे ॥ जिसु राम नामु नाही मति गुरमति सो जम पुरि बंधि चलायआ ॥8॥ गुर बिनु मोख मुकति क्यु पाईऐ ॥ बिनु गुर राम नामु क्यु ध्याईऐ ॥ गुरमति लेहु तरहु भव दुतरु मुकति भए सुखु पायआ ॥9॥ गुरमति क्रिसनि गोवरधन धारे ॥ गुरमति सायरि पाहन तारे ॥ गुरमति लेहु परम पदु पाईऐ नानक गुरि भरमु चुकायआ ॥10॥ गुरमति लेहु तरहु सचु तारी ॥ आतम चीनहु रिदै मुरारी ॥ जम के फाहे काटह हरि जपि अकुल निरंजनु पायआ ॥11॥ गुरमति पंच सखे गुर भायी ॥ गुरमति अगनि निवारि समायी ॥ मनि मुखि नामु जपहु जगजीवन रिद अंतरि अलखु लखायआ ॥12॥ गुरमुखि बूझै सबदि पतीजै ॥ उसतति निन्दा किस की कीजै ॥ चीनहु आपु जपहु जगदीसरु हरि जगन्नाथु मनि भायआ ॥13॥ जो ब्रहमंडि खंडि सो जाणहु ॥ गुरमुखि बूझहु सबदि पछाणहु ॥ घटि घटि भोगे भोगणहारा रहै अतीतु सबायआ ॥14॥ गुरमति बोलहु हरि जसु





उदासी गुरदुआरा मंगू मट्ठ। हेठां प्रकाश असथान, जिथे बाबा स्री चन्द दी मूरती नाल पूजी जांदी है। इथे गुरू ग्रंथ साहब दे नाल इक पुरातन तसवीर रक्खी जांदी है जिस विच गुरू साहब भायी मरदाना, बाबा लखमी चन्द, बाबा स्री चन्द अते भायी बाला दिखाए गए हन। तसवीर विच गुरू साहब नूं बहुत बजुरग दिखायआ गया है। 12 सतम्बर 2019 नूं अफवाह उडी सी कि उड़ीसा सरकार ने बाउली समेत इह यादगारां ढुहा दित्तियां हन। आखर 22 दसम्बर 2019 नूं सच्च मुच्च ढाह दित्ती गई है। उंज अखबारां ब्यान आया है कि उह इस दी सुन्दर इमारत बणाएगी।



बाउली साहब, पुरी। शहर निवासियां दी बेनती ते गुरू साहब ने उह जगा प्रगट कीती जिथे जमीन विच मिट्ठा जल मौजूद सी।

सूचा ॥ गुरमति आखी देखहु ऊचा ॥ स्रवनी नामु सुनै हरि बानी नानक हरि रंगि रंगायआ ॥

रंग रंग दे प्रचारकां दरम्यान गुरू साहब ने धरम दे मारग ते सच्च दी अहमियत, गुरू धारन करनां अते इथों तक कह दिता कि गुरमत रांही तुहानूं भगवान राम, कृष्ण जिवे अवतारां दी असलियत दा वी पता लग जाएगा।

गुरू साहब दी सिख्यावां दा अजेहा असर प्या कि ओड़िया लोक जेहड़े जगन नाथ भगवान नूं विशनूं दा अवतार मन्नदे सन, विचारधारा ही छड्ड गए ते हुन राजा प्रताप रुद्र देव ने ऐलान कर दिता कि जगन नाथ, भगवान विशनूं तों वी उत्ते है। हुन जगन नाथ दी परिभाशा कुझ इस तरां दी बण गई:�

"जगन नाथ तां सुन्न पुरख है, उह निराकार है, उह निरंजन है, उह पूरन ब्रहम है, इसे तों होरनां अवतारां जिवे राम कृष्ण आदि ने जनम ल्या।"

-----◈-----

## जदों कलिजुग ने तां कोशिश कीती कि गुरू साहब पुरी जोगे ही हो जाण

पुराने सम्यां विच प्रसिद्ध हिन्दू तीरथां ते वक्ख वक्ख हिन्दुसतानी इलाक्यां दियां आपणियां आपणियां धरमसालां हुन्दियां सन। एसे करके ही फिर गुरू साहब दी पुरी फेरी मौके ओथे वी पंजाबियां दी आपनी धरमसाला सी। इस दा मालक कलिजुग नां दा पंजाबी ब्राहमन सी।

जदों गुरू साहब ने पूरब दे अध्यातम जगत नूं सर कर के पुरी पहुंचे ते ओथे वी बाबे नानक दी जै जैकार हो गई तां पंजाबी पंडत नूं वी मान महसूस होया। उह वी गुरू साहब दा शरधालू बण ग्या। जिन्ना चिर गुरू साहब पुरी विखे रहे कलिजुग गुरू साहब दे नाल नाल ही रेहा। गुरू साहब करके कलिजुग दी वी पुरी विखे पुच्छ गिच्छ हो रही सी।

इक दिन गुरू साहब नूं पांडा आपने घर लै ग्या। आपनी अमीरी वल निगा मरवा के कहन लगा कि साहब जी इथे मायआ दा कोयी अंत नही। बेशक्क सोने दा महल पा लयो। इथे ही रहो। किते नां जायो। तुसी जेहो जेहा घर चाहोगे असी बणवा के द्यांगे। ओथे फिर गुरू साहब दा विराग छुट्या ते सबद बोल्या:-

१ੴ सतिगुर प्रसादि ॥ रागु सिरीरागु महला पहला 1 घरु 1 ॥ मोती त मन्दर ऊसरह रतनी त होह जड़ाउ ॥ कसतूरि कुंगू अगरि चन्दनि लीपि आवै चाउ ॥ मतु देखि भूला वीसरै तेरा चिति न आवै नाउ ॥1॥ हरि बिनु जीउ जलि बलि जाउ ॥ मै आपना गुरु पूछि देख्या अवरु नाही थाउ ॥1॥ रहाउ ॥ धरती त हीरे लाल जड़ती पलघि लाल जड़ाउ ॥ मोहनी मुखि मनी सोहै करे रंगि पसाउ ॥ मतु देखि भूला वीसरै तेरा चिति न आवै नाउ ॥2॥ सिधु होवा सिधि लायी रिधि आखा आउ ॥ गुपतु परगटु होइ बैसा लोकु राखै भाउ ॥ मतु देखि भूला वीसरै तेरा चिति न आवै नाउ ॥3॥ सुलतानु होवा मेलि लसकर तखति राखा पाउ ॥ हुकमु हासलु करी बैठा नानका सभ वाउ ॥ मतु देखि भूला वीसरै तेरा चिति न आवै नाउ ॥4॥1॥

मरदाने ने कलिजुग नूं समझायआ कि पंडत जी असी निरंकार अकाल पुरख दा मिशन लै के निकले हां। ऐशो अराम दी जिन्दगी साडा निशाना नही। इह पांडा गुरू साहब दे ओथों आउन तों बाद सिक्खी दा प्रचार जगन नाथ पुरी विखे कर्या करदा रेहा।

गुरू साहब दी बखशश सदका कलजुग दे घर उलाद होयी जिस दी पीड़ी अज तक्क जारी है। 1870 ई विच्च ग्यानी ग्यान सिंघ इसे अंस विच्चों भगवान दास कलजुग दे घर ठहरे सन।

एसे पांडे ने गुरू साहब नूं सहज सुभाय दस्स्या कि पुरी विच्च पीन वाले पानी दी बड़ी किल्लत है। सभ पासे पानी खारा है। ओदों सहब ने इक्क खास थां ते इशारा कर के केहा कि इथे खूह पुट्टो। पानी मिट्ठा निकलेगा। उथे फिर बाउली उसारी गई जो अज्ज तक्क मौजूद है। किसे वेले शहर दा बहुता भाग इस बउली ते ही निरभर

ਪੈਰ ਨੋਟ

� ग्यान रतनावली विच्च इथे फिर इक्क साखी दित्ती है कि जित्थे समुन्दर किनारे गुरू साहब बैठे सन ओथे नेड़े ही इक्क लाश पई सी। कुझ समें बाद इक्क बघ्याड़ आया लाश सुंघी पर खाधी नां ते चला ग्या। ओथे फिर केहा गया कि मरन वाला बन्दा बड़ा अक्रितघन सी।

फिर कलजुग नाल मेल वी दस्स्या है। कलजुग दे वरतारे बारे रतनावली ते होर साखियां विच्च लिख्या है कि कलजुग ने गुरू साहब नाल वायदा कीता कि जित्थे संगत जुड़ बैठी होवेगी मैं ओथे दाखल नही होवांगा हां अरदास उपरंत जदों प्रशाद वरतींदा होवेगा किरपा करके मैनूं ओथे खुल्ल दे देणा।

कयी जनम साखियां ने फिर बुध धरम वाली कहानी इथे गुरू साहब नाल जोड़ दिती है जिथे इक पाखंडी ब्राहमन दा मायआ वाला प्याला अलोप हो जांदा है। विदवानां ने इह साखी रद्द कीती है।

⊙ https://en.wikipedia.org/wiki/Jagannath



रब्ब दी याद विच हमेशां नच्चन गाउन वाला बंगाली संत चैतन्न्या महां प्रभू (1486-1534)

सी।�

-----◈-----

## पुरी (उड़ीसा) विच्च गुरू नानक दा कीरतन सुनन वाला इक्क बंगाली चशमदीद गवाह

बंगाल दे प्रसिध कृष्ण भगत चेतन्न्या महाप्रभू दा बाबे नाल मेल

उनां दिनां विच्च ही बंगाल विच्च इक्क प्रसिध कृष्ण भगत होए हन: चैतन्न्या महांप्रभू। शरधालू लोकां दा विशवाश सी कि चैतन्न्या इस कलजुग विच्च कृष्ण भगवान दा ही अवतार है। चैतन्न्या दे भगत व्रिन्दावन दास ठाकुर (1507 -1589 ई ने ग्रंथ लिख्या "चेतन्न्या भागवत" जिस विच्च गुरू साहब ते चेतन्न्या दे मेल बाबत दिलचसप जाणकारी मिलदी है। इस विच्च लिख्या है कि चेतन्न्या नूं पता लग्गा कि गुरू साहब पुरी विच्च आ पहुंचे ने तां उहनां ने गुरू साहब दे रहन ठहरन दा इत्तजाम कीता। आपने इक्क सेवक ओदे-अता दी जिंमेवारी लायी तूं गुरू साहब दी सेवा टहल विच्च हर वेले हाजर रहना है।

इस ग्रंथ विच्च इह वी जिकर मिलदा है कि गुरू साहब ते चेतन्न्या ने रल के कीरतन कीता। गुरू साहब दा साथ "सारंग" (भाव सारंगी वजाउन वाला भाव मरदाना दे रेहा सी) कुझ इस तरां दा जिकर आया है इस किताब विच्च:

स्रीनिवासा जे बिसम्बर ।
कीरतन मद्धया बेह्र ।
नानक, सारंग इह दोई।
रूप य सनातन दो भाई।
जगायी मधायी इकतर ।
कीरतन कर अंती ऐ नरित्या।
नगर पुरशोतम दास।
जांगली यजस नन्दनी ता पास।
नानक साहेती गैहन।
गोपाल गुरू संग तैम।
साहगत मत बलराम।
बेहार नीलगिरी धाम।

(मतलब - गुरू नानक ते रबाबी (मरदाने) दे कीरतन विच्च चैतन्न्या महाप्रभू आप वी शामल हो गए। दोवे भरावां रूप ते सनातन ने कीरतन ते त्रित (नाच) विच्च साथ निभायआ, नाल ही हो गईआं भैणां जगायी ते मधाई। शहर दे राजा ने अनन्द माण्या। क्युकि गुपाल नाल गुरू नानक दा बहुत सनेह हो चुक्का सी। सो नित्यानन्द भगवान ने कीरतन कीता जगन नाथ पुरी विच्च।-(अध्याइ 64, चैतन्न्या भागवत)

नगर प्रशोतम दा नां आउना उंज हैरानी पैदा करदा है क्युकि राजा प्रताप रुध्र देव तों पहलां राजा प्रशोतम देवा (1467-ई सी।

-----◈-----

## चिलका झील

पुरी तों चलके गुरू साहब ने पहलां दक्खन वल कोयी 30 कु किलोमीटर चल के चिलका झील वेखी। अन्दाज़ा है कि चिलका किनारे सिद्ध जोगियां दा कोयी वड्डा मट्ठ सी। इथे बुद्धमत दे प्रसिद्ध वेहारां दे खंडरात अते जैनमत्त दे मन्दर अज्ज वी मौजूद ने। जिवे असी पिच्छे लिख्या है कि भारत विच बुद्धमत दा जानशीन,

पैड़ मढ़ा

1.चैतन्न्या महाप्रभू दे मेल नूं साडे जनम साखी वाल्यां जोगी भरथरी हरी नाल मेल लिख्या है- सोढी मेहरबान

2. प्रसिध लिखारी त्रिलोचन सिंघ दा कहना है कि इस (चैतन्न्या मेल) तों अन्दाज़ा लग्ग सकदा है कि गुरू साहब कदों पुरी विखे बराजमान सन। क्युकि चैतन्न्या दा पुरी विखे होन दा समां इतहास विच पता है। सो सिंघ अनुसार गुरू साहब 1511 ई दे लागे चागे इथे सन।

होर सानूं वी जो सबूत मिल्या है कि आवा दी सुनेहरी राजधानी दा उदघाटन फरवरी 1511 नूं हुन्दा है। इस तों वी अन्दाजा लग्गदा है कि फरवरी 1511 तों बाद साहब बरमा विच्च सन जिथों उह पुरी नूं आए सन।

अन्दाज़ा है गुरू साहब 1512 ई दे शुरू शुरू विच ही ओड़ीशा तों पंजाब नूं परते सन।

� इह सारी गल विसथार विच पड़्हन लई सफा 174 दी सफा पैड़ वेखो। ध्यान रहे कुझ इतहासकार नही मन्नदे कि गुरू साहब ओड़ीसा तों पंजाब नूं परते सन।

जोगीमत ही बण्या सी। बोधियां दे वेहारां ते बाद विच जोगी ही काबज होए सन। सो इथे गुरू साहब ने जोगियां अते जैनियां नूं नाम दा सिधांत समझायआ।

-----◆-----

## पंजाब नूं परतणा◆

क्युकि मरदाना वी नागालैंड अते माघ देस अते ब्रहमा दी यातरा वेले कुझ अक्क जेहा गया सी अते पिछे परतन लई जिद्द कर रेहा सी। मरदाने दी जिद्द अते विगड़ रहे राजनीतक हालातां करके गुरू साहब दक्खन दे होर इलाके अते लंका नूं जान दे बिजाए, इथों ही सिद्धे पंजाब नूं हो तुरे।

ध्यान होवे कि उड़ीसा दे गजपती बादशाह दा राज दूर दक्खन विच वी फैल्या होया सी। फिर दक्खन दी प्रसिद्ध यासत विजेनगर दा प्रसिद्ध बादशाह कृष्णा देवा रायआ नवां नवां गद्दी ते बैठा सी। उसने अरंभ विच ही गजपती यासत तों दक्खन दे इलाके अजाद कराउन दी ठान लई अते 1512 ई दे शुरू विच ही उदेगिरी दे प्रसिद्ध किले ते हमला कर दिता। ध्यान रहे इह उदेगिरी तिरूपती तों 130 कि. मी. उत्तर है। (इक उदेगिरी पुरी तों 80 कि. मी. समुन्दरी तट्ट ते पच्छम दक्खन विच है।) इस हमले करके कट्टक अते पुरी विच भड़थू जेहा पै ग्या। जिस करके गुरू साहब ने ओथे उड़ीसा विच होर समां रहना ठीक नही समझ्या अते नां ही दक्खन वल जान दे हालात मकबूल सन। साहब ने उह रसता अपणायआ जिस रसते साधू संत मथुरा आदि नूं आम तुरे रहन्दे सन। इह रसता कुझ दूरी तक यू पी दे होर प्रसिद्ध नगरां जिवे प्रयागराज, अयोध्या अते बनारस लई सांझा सी।

सो चिलका झील तों बाद गुरू साहब पहाड़ पासे नूं हो मुड़े ते उड़ीसा दी यासत राज- रणपुर दे राजे नूं मिले। रणपुर जगन नाथ पुरी तों कोयी 55-60 किलोमीटर पहाड़ विच्च है। गुरू साहब दे मेल बारे कुझ ज्यादा जाणकारी हासल नही हो पाई। इनां ही पता लग्गदा है कि इह राजा वी पुरी दे महाराजे दे अधीन सी।

-----◆-----

**सम्बलपुर◆** - उस तों बाद गुरू साहब इलाके दे होर राज्यां ते साधूआं दे टिकाण्यां ते जे लोकां नूं मनमत तों वरजदे होए निरंकार नाल जोड़दे होए, महांनदी दे नाल नाल चलदे, सम्बलपुर (ओड़ीसा) पहुंचे। सम्बलपुर वी उघा इतहासिक नगर है जिस दा जिकर पुरातन ग्रंथां ते टोलमी (यूनान दे सिकन्दर महान दे वेले जो आया) ते ह्यून सांग जेहे यातरूआं ने कीता है। संमलपुर जां सम्बल पुर हीर्यां दी खान करके वी इतहास विच्च जाण्या जांदा रेहा है।इथों दियां खाणां दा जिकर बकायदा 17वी सदी दे फरांसीसी वपारी जीन बैपटिसट तेवनियर ने वी कीता है। इह हिन्दू धारमिक इतहास विच्च एनी अहमियत रखदा है जित्थे लिख्या मिलदा है कि विशनूं दा अगला अवतार कलकी संभल (सम्बलपुर) विखे पैदा होवेगा। महातमा बुध ने वी काल चक्र तंतर दा ग्यान राजा इन्दरभूती नूं दे के सम्बल दा धरमराजा बना दित्ता सी। महाभारत विच्च वी इस दा साफ जिकर है।

कहन तों मतलब एना महत्तवपूरन धारमिक केंदर होवे ते गुरू साहब पुरी तों अमरकंटक नूं ते संमलपुर जां सम्बलपुर जां सम्बल नां रुके होन इह तां हो ही नही सकदा।

जदों गुरू साहब इस नगर विच्च सन तां शहर दे किसे महत्तवपूरन बन्दे (राजा आदि) दा जवान मुंडा मर गया जिस कारन उस दी मां बहुत रुदन कर रही सी ते सारे शहर दी हमदरदी उस बाबत जागी होयी सी। उस मौके गुरू साहब ने अणभोल लोकां नूं करतार दे हुकम बारे जाणकार करायआ ते इह शबद रच्या:-

आसा महला 1 ॥ न किस का पूतु न किस की मायी ॥ झूठै मोह भरमि भुलायी ॥1॥ मेरे साहब हउ कीता तेरा ॥ जां तूं देह जपी नाउ तेरा ॥1॥ रहाउ ॥ बहुते अउगन कूकै कोयी ॥ जा तिसु भावै बखसे सोयी ॥2॥ गुर परसादी दुरमति खोयी ॥ जह देखा तह एको सोयी ॥3॥ कहत नानक ऐसी मति आवै ॥ तां को सचे सचि समावै ॥

-----◆-----

## लोको छनिच्छर दी पूजा छड्डो। उहनूं पूजो जिस ने छनिच्छर पैदा कीता सी

संमल पुर दे शनी मन्दर नूं जदों गुरू साहब वेख रहे सन प्रदेसी साधू वेख के गुरू साहब दे दुआले भीड़ इकट्ठी हो गई। पुजारी गुरू साहब नूं मन्दर बारे जाणकारी दे रेहा सी। इकट्ठे होए लोक वी दिलचसपी नाल सुन रहे सन। पुजारी ने शनी देवता दी कहानी सुणायी कि इक्क सूरज नां दा राजा सी जेहदे अट्ठ पुत्तर सन। अट्ठां विच्चों शनी नां दा पुत्तर बहुत ही बदशकल काला कलूटा ते ड्रावना जेहा सी। जदों राजा मर्या तां शनी दी मां वी नाल ही सती हो गई। राजे दा वड्डा पुत्तर तखत ते बैठा। बदसूरत छनिछर दी कोयी पुच्छ गिच्छ नही सी करदा। भरजाईआं बच्या खुच्च्यां भोजन छनिछर दे सुट्ट द्या करदियां सन। पुराने शराने कपड़े उहनूं दे देणे। काले रंग तां दा पहलां ही सी उते

◆ लगदै ग्यानी ग्यान सिंघ ने संमल पुर नूं सभाग पुर लिख दित्ता है। ओड़ीसा विच्च सुभाग पुर नां दा कोयी इतहासिक कसबा जां शहर है ही नही । उंज पुरी तों चलके गुरू साहब दा सुभाग पुर रुकना लिख्या है।सम्बल पुर विखे बकायदा सिक्ख संगत ते यादगारी गुरदुआरा वी शसोभित है।सो साफ जाहर है सुभागपुर असल विच्च सम्बलपुर है। ग्यानी जी वाली गलती सुरिन्दर सिंघ कोहली ने वी कर दित्ती।

सम्बल पुर दे गुरू नानक दरबार गुरदुआरा तसवीर तां प्रापत होयी है पर इह तसदीक नही हो पायआ कि गुरदुआरा साहब इतहासिक है जां वैसे संगत ने बणायआ।

उसने तेल दी मालश कर लैनी ते वक्खरी ही डहक मारदा हुन्दा सी छनिछर। जदो उस वेख्या कि हर कोयी उनूं घ्रिना दी निगाह नाल तक्कदा है तां किसे महांपुरख दे उपदेश अनुसार हार के छनिछर ने रब्ब दी भगती दा राह अपणायआ। छनिछर महान बण गया।

पंडत ने बड़े मान नाल कहानी सभ दे साहमने गुरू साहब नूं सुणाई। गुरू साहब ने सवाल कीता कि तुसी छनिच्छर दी बिजाए उस प्रभू नूं क्यो नही पूजदे जेहदी पूजा खुद्द छनिछर ने कीती ते महान बण गया सी?

गुरू साहब दे सिद्धे सादे सवाल ने सभ दियां अक्खां खोल दित्तियां। फिर गुरू साहब ने सरब व्यापक निरंकार दी सिफत विच्च शबद गायआ:-

बिलावलु महला 1 थिती घरु 10 जति ॴ सतिगुर प्रसादि ॥ एकम एकंकारु निराला ॥ अमरु अजोनी जाति न जाला ॥ अगम अगोचरु रूपु न रेख्या ॥ खोजत खोजत घटि घटि देख्या ॥ जो देखि दिखावै तिस कउ बलि जायी ॥ गुर परसादि परम पदु पायी ॥1॥ क्या जपु जापउ बिनु जगदीसै ॥ गुर कै सबदि महलु घरु दीसै ॥1॥ (सगगस-838)

-----◈-----

## अमरकंटक- जित्थे लोक असमानी बिजली नूं ही भगवान मन्नदे सन

संमल पुर तों चल के गुरू साहब बारगड़ह, सारंगगड़, हुन्दे होए शिवरीनरायन तों महांनदी अते जौंक नदी दे संगम तो दर्या पार कीता। अग्गे इतहासिक नगर मलहार, अज्ज दे बिलासपुर हुन्दे होए सम्बल पुर तों पहुंचे, 370 किलोमीटर दा सफर संङना जंगली इलाका पार करके गुरू साहब मद्ध प्रदेश दे मशहूर धारमिक सथान अमर-कंटक पहुंचे। इह उह प्रसिध सथान है जिथों नरमदा दर्या निकलदा है। हिन्दुसतान विच्च वरतियां जा रहियां बहुतियां देसी जड़ही बूटियां इसे पहाड़ी इलाके विच्च पैदा हुन्दियां हन। भारती सैर सपाटा केंदरां विच्चों इह वी प्रमुख है। हिन्दू इनूं तीरथराज गिणदे हन। पुराणां ते महाभारत विच्च वी इहदा जिकर मिलदा है। इथे पहुंच गुरू साहब दा मुक्ख निशाना भोले भाले साधूआं नूं निरंकार दे लड़ लाउना सी जो तरां तरां दियां कठिन तपस्स्यावां विच्च लग्गे होए सन।

जनमसाखियां गुरू साहब दी इस फेरी बारे कोयी जाणकारी तां नही दिन्दियां पर साहब ने सतिनाम सतिकार निरंकार दा जो होका दित्ता सी उह अज्ज तक्क इलाके विच्च गूंजदा है। इथों तक्क कि गुरू साहब दे वापस आउन तों कोयी सैकड़ा साल बाद इथे इक्क धारमिक लहर उठी 'सतिनामीए'। जिस दे बानी ने वी आपने आप नूं गुरू कहायआ। गुरू घासीराम (1756- 1836 ई एसे इलाके विच्च ही होया है जो जात



गुरू नानक मुकतदुआर, अमरकंटक

पात दा खंडन करदा सी, सतिनाम दा जाप जपाउदा सी, सच्च ते जोर दिन्दा सी। कहन तों मतलब बीज काफी देर बाद उग्या। उंज थोड़ा बहुत रूप अकार वखरा सी पर उपज बीज सतिनाम तों ही सी। ध्यान रहे भगत कबीर साहब ने वी इस इलाके दा दौरा कीता सी।

एसे ही इलाके विच्च इक्क पुजारी ने लोकां नूं बद्दलां ते असमानी बिजली बारे गुंमराह कीता होया सी। कि वेखो फलाने बन्दे ने पूजा नही करवायी तां भगवान नराज हो रेहा है। अखे बिजली ते गरज भगवान दी निराजगी दियां निशानियां हन। इस तरां करके उह भोले भाले लोकां नूं लुट्टदा सी ते गुंमराह करके लोकां नूं भगवान दी नराजगी दा उपाय जो दसदा सी उस विच्च फिर लुट्ट सी।

गुरू साहब ने जदों उनूं समझाउना चाहआ तां उस ने उलटा विरोध कीता। फिर भरी सभा विच्च उह जलील होया ते गुरू साहब ने लोकां नूं बद्दल ते बिजली जेहे कुदरती वरतारे बारे ग्यान दित्ता। कि बिजली जां बद्दल कोयी रब्ब नही हुन्दे। रब्ब तां तुहाडे अंग संग है। लोकायी नूं सतिनाम सति करतार दे नाम नाल जोड़्या ते चड़्हदी कल्हा वाले जीवन दी बखशश कीती। पटने वाला शबद फिर गुरू साहब ने अमरकंटक विखे वी दुहरायआ। साहब ने इलाके वाली बोली ही वरती है:-

मारू महला 1 ॥ बिमल मझारि बससि निरमल जल पदमनि जावल रे ॥ (पूरा शबद देखो: सफा 129 जिन्दगीनामा)

इलाके दे राजे मैन पाल ने जदों गुरू साहब दा जस सुण्या तां उह वी आ चरनी लग्गा।

मनमोहने अमरकंटक विच्च ही है कपिल धारा जित्थे केहा जांदा है कि पुरातन कपिल रिशी ने संखिअकी पुरान दी रचना कीती।

इथे मौजूद साधूआं नूं गुरू साहब ने घट घट विच्च बिराजमान निरंकार भगवान बारे दस्स्या जो निरा



कौडा राखश- बी:40 जनम साखी तसवीर

बराजमान ही नही किरपालू ते द्यालू वी है इस प्रकार सांखिअंकी सोच दा खंडन कीता।

-----◆-----

## कौडा राखश

क्युकि मरदाना घर जान वासते बहुत काहला पै चुक्का सी। इहो कारन है कि पुरी तों बाद गुरू साहब ने सिद्धा पंजाब दा रसता अपणायआ।

मरदाने दी काहल करके ही अमरकंटक वी गुरू साहब ज्यादा नही टिके। अमरकंटक तों गुरू साहब ने जबल पुर वल दा रुख कीता। हालां मरदाने ने इथों दे इलाके नूं पसन्द कीता। इथे खान नूं कई किसमां दे फल फरूट मिले। पर सफर तों मन अक्क चुक्का सी। अमरकंटक  गुरू साहब नाल नराज होया कि "तुहानूं जित्थे साध संत मिलदे ने तुसी ओथे ही डेरा जमा बहन्दे हो। इस तरां तां असी सारी उमर पंजाब नही पहुंच पावांगे। मेरा तां अजे व्याह दा चाय वी नही लहआ। जे तुसी नही जाना तां मैनूं इकल्ले नूं जान द्यो।"

गुरू साहब उहदी जिद्द अग्गे मन्न गए।

◆किरपाल सिंघ (पन्ना 85) ने इह घटना केरला देस विच्च होन दी गल कही है जो गलत है। पहली गल तां कौडा ना भील कबीले विच्च घर घर विच्च है ते दूसरा जब्बलपुर विच्च इह सथानक रवायत है कि इह घटनां जबल पुर विच्च ही वापरी सी। क्युकि कौडा बाद विच गुरमत दा वड्डा प्रचारक बण्या। जब्बलपुर विच उस दी याद विच पुरातन गुरदुआरा साहब वी मौजूद है।

संङने जंगल विच्च जा रहे सन कि रसते विच इक योग थां देख गुरू साहब बैठ निरंकार दा ध्यान कर रहे सन कि मरदाना फल मेवे दी तलाश विच गाडी राह तों दूर परे जंगल विच चला ग्या। जानी जान गुरू ने हालां मरदाने नूं वरज्या सी प्रचल्लत राह तों हटवां नही जाणा, क्युकि संङना जंगली इलाका सी। पर चंचल मन्न किथे मन्नदा है।फलां दे लालच विच्च राह तों जिवे हटवा होया मरदाना भील जंगली कबीले दे शिकारियां दे काबू आ  ग्या। इह जंगली आदि वासी लोक अज्ज वी हर जानवर खा जांदे हन। उहनां वेल्यां च काबू आया बन्दा वी नही सन छडदे।

मरदाने नूं फड़ के आपनी बसती लै गए। जित्थे उनां दा कौडा नां दा मुक्खिया शिकार नूं वेख बहुत प्रसन्न होया। शिकार वी प्रदेसी जिस दा नेड़े तेड़े कोयी पिंड गरां नही सी। सारी बसती विच्च त्युहार जेहा महौल बण ग्या। त्यारियां शुरू हो गईआं मनुक्खी मास बणाउन खान दियां। कड़ाहा ते अग्ग त्यार कर लई गई। बच्चे मरदाने दे सरीर नाल खेडां कर रहे सन। मसत हो रहे सन। ओधर मरदाने ने मन्न ही मन्न विच्च गुरू अग्गे फर्याद कीती कि तेरा सेवादार फिर फस गया ई अज्ज रक्ख लै फिर हुकम अदूली नही करांगा।

ओधर जदों मरदानां कुझ देर वापस नां परत्या तां गुरू साहब मरदाने दा खुरा नप्पदे होए जा भीलां दी बसती विच्च सति करतार, धन्न निरंकार दा जैंकारा छड्ड दित्ता। भील इक्क दम त्रभक गए कि जरूर पिच्छे कोयी पुलस जां फौजी होणगे, जेहड़ा इस साधू ने इने आतम विशवाश नाल सानूं आ  ललकार्या है।

गुरू साहब दी शखसियत वेख के कौडे ने झट्ट बहन वासते केहा। एने नूं कौडे दे सेवकां ने दुहायी दे दित्ती कि मच्चदी अग्ग दा भांबड़ इक्क दम बुझ्झ गया है।



जब्बल पुर (मद्ध प्रदेश) विच गुरदुआरा मड़ाताल है। इथों दी संगत दा मुक्खी खुद्द भायी कौडा भील होया है। वकत पा के इथे दा कंटरोल उदासी साधूआं कोल गया। सथानक रवायत अनुसार इथे ही कौडे राखश वाली घटना घटी सी।- (तसवीर गुरदीप सिंघ

गुरू साहब ने घबराए होए कौडे नूं केहा कि इह की जुलम कर रहे हो? कौडा कहन्दा कि इथे जंगल विच्च असी जीव जंतू ते फल फरूट ते ही निरभर हां। साहब ने केहा कि इह तां ठीक है पर कदी कोयी शिकारी जानवर आपनी जिनस नूं वी खांदा है ? की कदी शेर, शेर नूं खांदा वेख्या? की कुत्ता कुत्ते नूं खांदा है? कौडे दियां अक्खां खोलियां कि तुसी लोक सवरग विच्च रह के वी नरक वालियां गल्लां करदे हो। निरंकार दे भाने विच्च आओ।

गुरू साहब दे चमतकारी लफज़ां नूं सुन के कौडा गुरू साहब दे चरनां ते आ डिग्गा।सारी बसती हौली हौली गुरू साहब दे चरनी लग्गी। गुरू साहब ने इनां जंगली लोकां नूं निरंकार दे नां नाल जोड़्या ते होर उल जलूल जेहड़े ओनां दे भगती दे तरीके सी उनां बारे दस्स के उनां नूं वरज्या।मन्न्या जांदा है कि इस कौडे भील नूं इलाके दी मंजी बखशी ते सिक्खी दा प्रचारक थाप्या।*

जनम साखियां विच्च आउदा है कि गुरू साहब फिर कुझ दिन एसे बसती विच्च रहे। गुरू साहब दे दरशनां नूं दूरों नेड़्यो होर वी जंगली लोक आ उमडे। इथे ही गुरू साहब दी बार बार निरंकार नाल लिव लग्या करे ते इथे ही अकाल पुरख दी उसतत विच्च अनेकां शबद रचे।:-

गउड़ी गुआरेरी महला 1 ॥ मनु कुंचरु कायआ उद्यानै ॥ गुरु अंकसु सचु सबदु नीसानै ॥ राज दुआरै सोभ सु मानै ॥1॥ चतुरायी नह चीन्या जाय ॥ बिनु मारे क्यु कीमति पाय ॥1॥ रहाउ ॥ घर मह अंमृतु तसकरु लेयी ॥ ननाकारु न कोइ करेयी ॥ राखै आपि वड्यायी देयी ॥2॥ नील अनील अगनि इक ठायी ॥ जलि निवरी गुरि बूझ बुझायी ॥ मनु दे लिया रहसि गुन गायी ॥3॥ जैसा घरि बाहरि सो तैसा ॥ बैसि गुफा मह आखउ कैसा ॥ सागरि डूगरि निरभउ ऐसा ॥4॥ मूए कउ कहु मारे कउनु ॥ निडरे कउ कैसा डु कवनु ॥ सबदि पछानै तीने भउन ॥5॥ जिनि कहिआ तिनि कहनु वखान्या ॥ जिनि बूझ्या तिनि सहजि पछान्या ॥ देखि बीचारि मेरा मनु मान्या ॥6॥ कीरति सूरति मुकति इक नायी ॥ तही निरंजनु रहआ समायी ॥ निज घरि ब्यापि रहआ निज ठायी ॥7॥ उसतति करह केते मुनि प्रीति ॥ तनि मनि सूचै साचु सु चीति ॥ नानक हरि भजु नीता नीति ॥8॥2॥

सुभावक है कि गुरू साहब दा उपदेश कुझ साल तां इनां जंगली लोकां दे मनां विच्च रेहा। कौडे ने नेड़े तेड़े प्रचार कीता। पर उस तों बाद हौली हौली इहनां जंगली लोकां ने निरंकार दी पूजा छड्ड के फिर बद्दल, बिजली, सूरज, दरक्खतां दी पूजा आदि शुरू कर दित्ती। जरूरत सी बीजे होए बी ते मुड़ पानी देन दी। जिथो पंथ पछड़ ग्या। कौडे राखश दी याद विच्च जब्बलपुर विखे बहुत खूबसूरत गुरदुआरा मड़ाताल साहब मौजूद है।

इथे ही नरमदा दे कंढे इक जोगी मठ्ठ विच सरबंग जोगी नां दे इक सन्न्यासी महंत नाल गुरू साहब दी गोशटी होई। गुरू साहब दी बखशश सदका फिर जोगी वी शबद वेहूने ध्यान लाउने छड्ड के गुरमत दे लड़ लग्गा ते जीवन प्रचार विच गुजार्या। इथे वी अज्ज नरबदा कंढे गुरदुआरा साहब शश्शोभित है गावारी घाट।

-----◆-----

## जदों मरदाना बघ्याड़ तों डर्या

अमरकंटक तों गुरू साहब जबलपुर वाले पासे नूं जा रहे सन तां जिवे उते आया कि कौडे भील वाली घटना घटी। इलाका घना जंगल सी। मरदाने दे मन्न दा डर उत्तर चुक्का सी। गुरू साहब मसती च गाउदे आपणियां रचनावां नूं सवारदे चलदे। कदी मरदाना वी रबाब नाल साथ दिन्दा। अकसर मरदाना सफर च गुरू साहब तों कदी अग्गे निकल जायआ करदा सी। कदी पिच्छे वी चलणा। भोजन ते होर खान ते पानी दी ज़िंमेवारी मरदाने दी ही हुन्दी। जंगल विच्च सफर दे दौरान मरदाना नेड़े तेड़े दे फल तोड़दा। अज्ज वी कुझ अजेहा ही होया। मरदाना थोड़ा अग्गे निकल आया ते अचानक की वेखदा है कि पहे विच्च इक्क बघ्याड़ सुत्ता प्या है। मरदाने दा साह अन्दर दा अन्दर ते बाहर दा बाहर ही खलो ग्या। हिंमत करके फिर परत्यां ते हौली हौली बिनां अवाज कीते आ गुरू साहब नूं खबर दित्ती। नाल ही फिर शकायत कर दित्ती कि "केहड़े जंजाल च बाबा तूं मैनूं पायआ होया ई मरदा मरदा मसां ही बच्या मै।"

गुरू साहब ने मरदाने नूं हुकम कीता। बालन लई तीले इकट्ठे कीते ते पत्थर नाल अग्ग बाली। मशाल बणाई। गुरू साहब ने खब्बे हत्थ मशाल फड़ी ते सज्जे हत्थ बरछा फड़ मरदाने नूं मगर मगर आउन वासते केहा। नाल ही मरदाने दा डर लाहुन्द्यां होयां उच्ची उच्ची कीरतन शुरू कर दित्ता।

महला 1 ॥ डूंगरु देखि डरावनो पेईअड़ै ड़्रियासु ॥ ऊचउ परबतु गाखड़ो ना पउड़ी तितु तासु ॥ गुरमुखि अंतरि जाण्या गुरि मेली तरियासु ॥1॥ भायी रे भवजलु बिखमु ड्रांउ ॥ पूरा सतिगुरु रसि मिलै गुरु तारे हरि नाउ ॥1॥ रहाउ ॥ चला चला जे करी जाना चलणहारु ॥ जो आया सो चलसी अमरु सु गुरु करतारु ॥ भी सचा सालाहना सचै थानि प्यारु ॥2॥ दर घर महला सोहने पके कोट हजार ॥ हसती घोड़े पाखरे लसकर लख अपार ॥ किस ही नालि न चल्या खपि खपि मुए असार ॥3॥ सुइना रुपा संचीऐ मालु जालु जंजालु ॥ सभ जग मह दोही फेरीऐ बिनु नावै सिरि कालु ॥ पिंडु पड़ै जीउ खेलसी बदफैली क्या हालु ॥4॥ पुता देखि विगसीऐ नारी सेज भतार ॥ चोआ चन्दनु लाईऐ कापड़ु रूपु सीगारु ॥ खेहू खेह रलाईऐ छोडि चलै घर बारु ॥5॥ महर मलूक कहाईऐ राजा राउ कि खानु ॥

चउधरी राउ सदाईऐ जलि बलीऐ अभिमान ॥ मनमुखि नामु विसार्या ज्यु डवि दधा कानु ॥6॥ हउमै करि करि जायसी जो आया जग माह ॥ सभु जगु काजल कोठड़ी तनु मनु देह सुआह ॥ गुरि राखे से निरमले सबदि निवारी भाह ॥7॥ नानक तरीऐ सचि नामि सिरि साहा पातिसाहु ॥ मै हरि नामु न वीसरै हरि नामु रतनु वेसाहु ॥ मनमुख भउजलि पचि मुए गुरमुखि तरे अथाहु ॥

बघ्याड़ ने जदों अवाज सुनी तां डर के परां हो ग्या। गुरू साहब ते मरदाना अग्गे वधदे गए। इस मौके मरदाने नूं आपने घर दी वी बहुत याद आई सी। साहब ने मरदाने नूं जीवन दी सच्चायी दस्सी कि बन्द्या इक्क दिन जाणां ही पैना है ऐना डूया वी नां कर। मरदाने नूं समझायआ कि जो इह सच्चायी जान लए गुरू दे लड़ लग्यां उहदा डर लह जांदा है। बस नाम दे आसरे चलदे जाना है।जो जिंमेवारी निरंकार ने लायी है उह निभाउनी है। अग्गले पड़ाय ते रुके तां मरदाने ने निमाने हो के गुरू साहब दे चरन फड़ लए ते आपने आप नूं भागां वाला केहा कि मैनूं अजेहे पैगम्बर दी सेवा करन दा मौका मिल्या है।

इस इलाके विच्च राजा संगराम शाह दा राज सी जेहदी नूंह दुरगावती दी बहादरी दियां कहाणियां मद्ध प्रदेस विच्च पड़्हाईआं जांदियां हन।

गुरू साहब संगराम शाह नूं मिले। पर सबूत नही मिलदा कि उह उनूं मांडला मिले जां जबलपुर जां नरसिंघपुर। गुरू साहब दी आमद दी याद विच्च नरसिंघपुर ते जबल पुर दोवी थांयी गुरदुआरा साहब मौजूद ने। सो जबलपुर तों नरसिंघपुर, ओशो रजनीश दे शहर गाडरवाड़ा, (अज्ज दा) पिप्परिया, (अज्ज दा) होशंगाबाद, तों भोपाल नूं पहुंच रहे सन।

-----◆-----

## "वणजार्या मित्रा" वाला टांडा

हुशंगाबाद दे पूरब 50 कि. मी दी वित्थ ते इक्क छोटा पुराणिक शहर सोहागपुर है। इथे वणजार्या दी बसती दे लागे गुरू साहब बिराजे होए सन। वणजारे नच्च गा रहे सन। ढोल ढमक्के वज्ज रहे सन। सुन के मरदाने दा मन्न वी खुश हो ग्या कि जरूर किते खुशियां मनाईआ जा रहियां हन। मरदाना उस खुशी वाले घर दे बाहर पहुंच के लग्गा सतिनाम सति करतार दा अवाजा देन। खुशियां विच मसत होए वणजार्यां 'चों किसे ने मरदाने वल ध्यान ना दित्ता। बह खलो, अक्क के मरदाना खाली हत्थ वापस आ ग्या। आ के गुरू साहब नूं दस्स्या अज्ज तां फोका ही परत्यां हां। उह वणजार्या दी बसती है ते अगले मुंडा जंमन दा धमान कर रहे हन। उहनां नूं धमाल दी मसती तों ही वेहल नही।

करनी रब्ब दी। अग्गले ही दिन उह मुंडा मर ग्या जिस दे जनम दी खुशियां मनाईआं जा रहियां सन। घर विच रोन पिट्टन चल रहआ सी। लोक आ आ अफसोस कर रहे सन।

हुन वणजार्यां ने गवांढ विच बैठे साधू फकीरां दी वी सार लई। दूर दूर तक घुंमन वाले इह वणजारे मूल विच मारवाड़ी बणीए सन। इनां दे मुखिया समेत सभ नूं गुरू साहब ने भाने विच चलन दा उपदेश दिता। अकाल पुरख दी खेड बारे समझाउदे होए इथे गुरू साहब ने इह शबद केहा:-

੧ੴ सतिगुर प्रसादि ॥ सिरीरागु महला 1 पहरे घरु 1 ॥

पहलै पहरै रैनि कै वणजार्या मित्रा हुकमि पया गरभासि ॥ उरध तपु अंतरि करे वणजार्या मित्रा खसम सेती अरदासि ॥ खसम सेती अरदासि वखानै उरध ध्यानि लिव लागा ॥ ना मरजादु आया कलि भीतरि बाहुड़ि जासी नागा ॥ जैसी कलम वुड़ी है मसतकि तैसी जियड़े पासि ॥ कहु नानक प्रानी पहलै पहरै हुकमि पया गरभासि ॥1॥ दूजै पहरै रैनि कै वणजार्या मित्रा विसरि गया ध्यानु ॥ हथो हथि नचाईऐ वणजार्या मित्रा ज्यु जसुदा घरि कानु ॥ हथो हथि नचाईऐ प्रानी मात कहै सुतु मेरा ॥ चेति अचेत मूड़ मन मेरे अंति नही कछु तेरा ॥ जिनि रचि रच्या तिसह न जानै मन भीतरि धरि ग्यानु ॥ कहु नानक प्रानी दूजै पहरै विसरि गया ध्यानु ॥2॥ तीजै पहरै रैनि कै वणजार्या मित्रा धन जोबन स्यु चितु ॥ हरि का नामु न चेतही वणजार्या मित्रा बधा छुटह जितु ॥ हरि का नामु न चेतै प्रानी बिकलु भया संगि मायआ ॥ धन स्यु रता जोबनि मता अहला जनमु गवायआ ॥ धरम सेती वापारु न कीतो करमु न कीतो मितु ॥ कहु नानक तीजै पहरै प्रानी धन जोबन स्यु चितु ॥3॥ चउथै पहरै रैनि कै वणजार्या मित्रा लावी आया खेतु ॥ जा जमि पकड़ि चलायआ वणजार्या मित्रा किसै न मिल्या भेतु ॥ भेतु चेतु हरि किसै न मिल्यो जा जमि पकड़ि चलायआ ॥ झूठा रुदनु होआ दुोआलै खिन मह भया परायआ ॥ सायी वसतु परापति होयी जिसु स्यु लायआ हेतु ॥ कहु नानक प्रानी चउथै पहरै लावी लुण्या खेतु ॥4॥1॥

गुरू साहब शबद गाउदे सन ते हर पहरे पिछे व्याख्या करदे सन।

वणजार्यां दियां हुन अक्खां खुल्ल गईआं सन। समझ आ ग्या सी कि खुशियां विच इनसान नूं होश ही नही गवा देनी



सोहागपुर विच्च चरन पादुका (तसवीर गुरदीप सिंघ मलहोतरा)

चाहीदी। रब्ब दी रजा विच चलन वाला मनुक्ख नां तां ज्यादा गमगीन हुन्दा अते नां ही खुशियां विच दीवाना।

इथे हुन तक गुरदुआरा मौजूद है जित्थे पुरातन हत्थ लिखत गुरू गरंथ साहब वी मौजूद सन जो पिच्छे जेहे ध्यान सिंघ नां दा कोयी विअक्कती लै आया है। इथे साहब दी पत्थर ते चरन पादुका वी मौजूद है। सोहागपुर विखे वी इक्क पहाड़ी ते शनी दी पूजा ते बड़ा जोर सी। इथे वी गुरू साहब ने लोकां नूं समझायआ कि मिथहास विच्च नां पओ।निरंकार दे लड़ लग्गो जो नित नवां है।

जिवें कि पहलां हुन्दा आया है वणजारे तां इथे कुझ चिर निवास करन उपरंत होर किते हिजरत कर गए उपरंत नीवी जात वाल्यां ने गुरू साहब दी इथे प्रम्परा सांभ लई। पाकिसतान तों आ के कुझ खत्तरी प्रवारां दे इथे वस्सन तों पहलां सिक्खी विरसे दी सांभ साहू गोत दे तेलियां ने कीती होयी सी। पर बदकिसमती नाल साडा सिक्ख गुरू वाली सोच नही पाल सक्या। गुरू ने तां नीव्यां नूं गल लायआ सी पर सिक्ख ने दब्बे कुचले लोकां नूं हौली हौली परे धक्क दित्ता।

सोहागपुर विच्च 19वी सदी विच गुरू नानक साहब दे नां ते जमीन राजे ने लवायी जिथे सथानक वसनीकां ने गुरू साहब दे नां ते सकूल खोल रक्ख्या है। पर अज्ज सिरफ दो सिक्ख प्रवार इस कसबे विच्च रहन्दे हन। सोहागपुर (नरसिंगपुर) तों 100 कि.मी. ते होशंगाबाद 50 कि.मी. है।(नकशा सूचक -22.701, 78.19)

-----◈-----

## होशंगाबाद तों 70 कि.मी. चल के साहब भोपाल पहुंचे।

जदों गुरू साहब ने भोपाल नगरी विच्च चरन पाए ओदों इथों दा राज कोयी ज्यादा महत्तवपूरन नही सी। इहो पता लग्गदा है कि गुरू साहब दे दिनां विच्च इथे सूफी फकीर पहुंच के इसलाम दा प्रचार कर रहे सन। ओनी दिनी राजा भोज दी नगरी भुपाल विखे कोयी रोगी कुरला रेहा सी। ते उची उची रोया करदा सी कि बाबा जी तुसी कदों आउगे ते मेरे जान छुट्टेगी। ओथे पहुंच गुरू साहब ने रोगी दा रोग कट्ट्या। गुरू साहब दी याद विच्च छोटी पहाड़ी (टेकरी) ते गुरदुआरा मौजूद है जित्थे उनां दी आमद विच्च यादगार वजों गुरू साहब दे पैर दा निशान पत्थर ते बण्या होया है। इस लिखारी ने इस असथान दे दरशन सन्न 1984 विच्च कीते सन।



टेकरी साहब भोपाल दी दरशनी ड्योड़ी। गुरदुआरा साहब ते चरन पादुका दी तसवीर नही मिल सकी।

-----◈-----

## नाच गाने दे हनेरे विच्च डुब्बी चन्देरी ते चड़्हआ चन्न

भोपाल तों गुरू साहब ओनां दिनां दी प्रसिध राजधानी चन्देरी पहुंचे। चन्देरी भोपाल तों कोयी 175 किलोमीटर उतर पासे है। वकत वकत दियां गल्लां ने किसे वेले इस शहर दी अहमियत दिली आगरा दे बराबर सी।चन्देरी दा जिकर बकायदा महांभारत विच्च वी मिलदा है। 10वी सदी दे प्रसिध इतहासकार अल बिरूनी ने वी चन्देरी बारे लिख्या है। जदों साहब आए, चन्देरी ते ओदों लोधी पठान राजे दा राज सी।

जदों गुरू साहब ने शहर विच्च चरन पाए ओदों इथे इक्क वक्खरा ही सभ्याचार पनप चुक्का सी। मसती च गाना वजाउना इक्क लहर बनी होयी सी। राजा ते शाही प्रवार इस लहर विच्च पूरी तरां डुब्बे रहन्दे सन। शासतरी संगीत पूरी मसती नाल गायआ जांदा सी। इह मसती फिर इस हद्द तक्क पहुंच गई कि गवईईआं ने शुदाईआं वाला रूप अख़त्यार कर ल्या। कमल कुट्टना इक्क फैशन बण गया सी। प्रसिध गायक बैजू बावरा जां बैजू शुदायी इनां दिनां विच्च ही इथे चन्देरी विच्च ही होया है। ओह गाना वजाउना जिस दा निशाना सिरफ लोकां नूं खुश करके पैसा इकट्ठा करनां है विअर्थ है, जे गाने विच्च अकाल पुरख दा शुकराना जां उसतत नही है तां ऐवें ढिड्ड भरन वाली ही गल है । तां ही ते गुरू साहब ने आसा दी वार दी हेठली पउड़ी चन्देरी विखे ही रची।

म॰ 1 ॥ वायनि चेले नचनि गुर ॥ पैर हलायनि फेरन्‍िसिर ॥ उडि उडि रावा झाटै पाय ॥ वेखै लोकु हसै घरि जाय ॥ रोटिया कारनि पूरह ताल ॥ आपु पछाड़ह धरती नालि ॥ .....(पूरा शबद पड़ो अंग 465 सगगस)

नाच गाने ऐशो अराम विच्च डुब्बे चन्देरी नूं फिर छेती

ਫੁਟ ਨੋਟ

◈ ग्यानी -155 ते अधारित। मूल साखी बाला-134, पुरातन-65 विच मौजूद है।

किरपाल-42 ने इह साखी रुहेलखंड नाल जोड़ दिती क्युकि इथे ही नगर टांडे विच गुरू साहब बालक दे रूप विच तिन्न वारी विके सन। ध्यान रहे सोहागपुर दा बकायदा सिक्खी नाल जुड़दा इतहास है। ओथे बकायदा प्रम्परा अते गुरदुआरा वी है (हुन्दा सी)।

सुचेत रहना इक सोहागपुर शहडोल लागे वी है।

सरोत - तवारीख खालसा पन्ना 132

ग्यानी जी ने गुरू साहब दा सागर (ऐम पी) वी जाना लिख्या है जो दरुसत नही लग्गदा क्युकि सागर नगर दी नींह 1660 ई विच्च राजा उडेन शाह अहीर ने रक्खी सी।

एसे तरां गुरू साहब वेले पचमड़ी (पिपरिया) दी कोयी अहमियत नही सी। क्युकि 16वी सदी विच्च पचमड़ी दा कोयी इतहास नही मिलदा। ओथे बोधी गुफावां तां मौजूद ने पर कोयी प्रसिध हिन्दू सथान नही है। कहन तों मतलब 16वी सदी विच्च पचमड़ी कोयी प्रसिध सथान नही सी रह ग्या। इह बेचराग हो चुक्का सी ते सिरफ अंगरेजां ने ही इहदी पहाड़ी खूबसूरती पछान के इनूं फिर टूरिसट जगा बना दित्ता।

ही राना सांगा ने आ काबू कीता। राना सांगा ने मेदनी राय नूं इथे राजा बना दित्ता। मगरों जनवरी 1528 ई नूं बाबर ने राजपूत राजे मेदनी राय दा कंम तमाम कर दित्ता। बाबर ने राजपूतां विच्च साके दी रसम बारे जो लिख्या है उह साका इथे ही वापर्या जदों रात नूं मेदनी राय दियां राणियां ते बच्च्यां ने अगन कुंड विच्च छालां मार के जान दित्ती। इस रसम नूं जौहर कहन्दे ने। सवेरे फिर राजपूतां ने उस कुंड दी सवाह नूं मत्थे ते ला के लड़ मरन दी कसम खाधी। इस सारी घटना नूं साका केहा जांदा है।

याद रहे प्रसिध कमले गायक बैजू बावरा दी समाध वी इथे चन्देरी विच्च ही है।

चन्देरी दे नाल ही पिंड है जित्थे गुरू साहब ने डेरा लायआ ओथे अज्ज पिंड वस्या होया है ते पिंड दा नां नानकपुरा है।

चन्देरी विखे गुरू साहब होर वी इलाही कौतक कीते होणगे जो इतहास विच्च दरज नही हो सके।

चन्देरी तों गुरू साहब गवालियर गए। (चन्देरी दे नेड़े तेड़े पिंडां विच तां सिक्ख वसों है पर चन्देरी विच गुरू साहब दी कोयी यादगार नही है।)

-----◈-----

**गवालियर**- गवालियर विखे गुरू साहब इथों दे हुकमरान नूं सतिनाम दी अहमियत समझायी अते सथानक धारमिक मुक्खियां नूं मिल के करम कांड त्यागन ते नाम दे लड़ह लग्गन दा उपदेश दित्ता। गुरू साहब दा डेरा, किले दे पच्छम वाले दवार दे कोल सी। सन्न 1930 ई वेले तक्क गुरू साहब दी यादगार मौजूद सी।◈

-----◈-----

**धौलपुर** - गवालियर तों साहब धौलपुर पहुंचे। धौलपुर दी र्यासत ते वी गुरू साहब दे पहुंचन तों चोखा चिर पहलों सुलतान सिकन्दर लोधी दा राज हो चुक्का सी। धौलपुर दे राजा विनायक देव ने साल भर चंगा मुकाबला कीता सी पर 1502 विच्च उह हार ग्या। सुलतान राज्यां दा सोचना सी कि जे मालवा (गवालियर, उजैन, धार, मांडो) नूं जितना है तां पहलां धौलपुर दा कंढा कढ्ढना पउ। चम्बल दे कंढे सथित इस र्यासत नूं जित्तना ओनी दिनीं मुशकल गिण्या जांदा सी। इसे नूं जित्तन तों बाद ही सुलतान राज्यां नूं ध्यान आया कि राजधानी दिल्ली दी बिजाए इथे किते रक्खी जाए तां ही फिर ओदों आगरा नूं राजधानी बणायआ गया सी। आगरा ओदों इक्क पिंड ही सी।◈ शेर शाह सूरी ने वी धौलपुर नूं ही अहमियत दित्ती सी ते ओथे ही किल्हा शेरगड़ह बणायआ सी। धौलपुर विखे छेवे पातशाह साहब स्री गुरू हरगोबिन्द दा आउना वी इतहास विच्च है। लग्गदा ओदों तक्क गुरू नानक दी धौलपुर विखे खड़ी कीती गई सिक्ख संगत मौजूद सी।

-----◈-----

**आगरा** - धौलपुर तों गुरू साहब आगरा कसबे पहुंचे। इथे इक्क पीलू दे रुक्ख थल्ले गुरू साहब ने डेरा लायआ सी। इक्क बजुरग मायी जो हर आए गए साधू दी सेवा करदी सी ने गुरू साहब ळ लंगर पानी छकायआ। गुरू साहब दी आमद वेले मायी दा पोतरा सक्खत बीमार सी जो गुरू साहब दे अशीरवाद सदका नौ बर नौ हो ग्या। इलाके विच्च इस गल दी दुहायी पै गई। हुंम हुंमा के दरदवन्द दुक्खी ते जग्यासू लोक गुरू साहब दे दरशनां नूं पहुंचे। साहब ने सभ नूं नाम दा ओट आसरा लैन दा उपदेश कीता ते केहा कि करम कांड धरम दे रसते ते विअर्थ हन इनां नूं त्यागो।

इस थां ते साहब दा यादगारी असथान गुरदुआरा नानक पारा, अज्ज शहर दे पुराने अते तंग इलाके विच मुजफ्फर बाग रोड ते मौजूद है (नकशा सूचक)

इहो लग्गदा है जगन नाथ पुरी तों गुरू साहब ने तह कर ल्या सी कि मथुरा मेले ते पहुंचना है।

—▲—

पैड़ नट्ठ

◈ साईकल यातरी- 102 अनुसार कोयी इन्दर सिंघ नां दा गवालियर दा सिक्ख, बेईमानी करके, इस थां तों गुरू ग्रंथ साहब चुक्क ल्याया सी। हो सकदा है बाद विच्च गुरदुआरा बन्द कर दित्ता होवे।

कोहली ने गुरू साहब दा बारन (राजसथान) - कपिल धारा (नकशा सूचक: 24.971238, 76.803070) वी जाना लिख्या है। लग्गदै कोहली नूं गलत फहमी हो गई। कपिल रिशी दा मुक्ख इतहासिक सथान अमरकंटक है जित्थे उस दा आशरम ते झरना (धारा) वी है। जित्थे गुरू साहब पहलां हो आए हन। एसे तरां ओनां ने गुरू साहब दा करौली जाना वी लिख्या है पर सानूं साहब दे करौली जान ते वी शक्क है क्युकि करौली दी अजे ओनी अहमियत नही सी। नाले राह तों बिलकुल इक पासे पै जांदा है। दूजा कोहली ने गुरू साहब दे करोली जान बाबत किसे सरोत दा जिकर नही कीता। होर खोज दी जरूरत है।

करौली र्यासत ओदों 150 कु साल पुरानी सी। पर इथों दे यादव राजा दी मशहूरी चंगी सी। केहा जांदा है कि इह खानदान सिद्धा कृष्ण भगवान अंस हन।

ग्यानी जी ने गुरू साहब दा धौलपुर तों भरतपुर वी जाना लिख्या है। क्युकि ग्यानी जी ने खुद ही गुरू साहब दा नारनौल ते रोहतक जाना लिख्या है। जिस दा मतलब मथुरा तों सिद्धे जान दी बिजाए गुरू साहब चड़हदे नूं अलवर वल हो तुरे सन।

कईआं दा इह वी मन्नना है कि धौलपुर तों ही गुरू साहब इटावा (यू पी) हो के मथुरा गए सन। इस बाबत अजे होर खोज दी जरूरत है। इटावा विखे उदासी साधूआं दे सथान तां हैन। स्री गुरू तेग बहादर साहब दा असथान वी इटावा विच्च है। इह गुरू नानक दी फेरी बारे अजे तसल्ली नही हुन्दी। फिर इटावा विखे साहब दी यातरा दी प्रम्परा मौजूद नही है।

◈ Page 49- Early English Travellors in India - Ram Chander Parsad (Moti Lal Banarasi Das)